# ਪੰਜਾਬੀ ਲੋਕ ਬੋਲੀਆਂ ਦਾ ਮਨਮੌਜੀ ਪਾਤਰ "ਛੜਾ"

ਲੋਕ ਸਾਹਿਤ ਲੋਕ ਮਾਨਸ ਦੀਆਂ ਅਕਾਂਖਿਆਵਾਂ ਦਾ ਖ਼ੂਬਸੂਰਤੀ ਨਾਲ ਪ੍ਰਗਟਾਵਾ ਕਰਦੇ ਹਨ। ਇਹ ਇੱਕ ਅਜਿਹੇ ਦਰਪਣ ਦੇ ਸਮਾਨ ਹੈ ਜਿਸ ਵਿੱਚੋਂ ਵਸ਼ਿਸ਼ਟ ਮਾਨਵੀ ਸਮਾਜ ਦੀਆਂ ਕਦਰਾਂ-ਕੀਮਤਾਂ ਪ੍ਰਤੀਬਿੰਬ ਹੁੰਦੀਆਂ ਹਨ। ਲੋਕ ਆਚਾਰ, ਵਿਹਾਰ ਅਤੇ ਵਿਚਾਰ ਨੂੰ ਲੋਕ ਸਾਹਿਤ ਰੂਪ ਬੜੀ ਬਰੀਕੀ ਨਾਲ ਅਤੇ ਕਾਵਿਕ ਜੁਗਤਾਂ ਨਾਲ ਪੇਸ਼ ਕਰਦਾ ਹੈ। ਇਸ ਪ੍ਰਕਾਰ ਲੋਕ ਸਾਹਿਤ ਲੋਕ ਜੀਵਨ ਦਾ ਸਜੀਵ ਅਤੇ ਸਹਿਜ ਸੁਭਾਅ ਪ੍ਰਗਟਾਵਾ ਕਰਨ ਵਾਲਾ ਇੱਕ ਪ੍ਰਾਚੀਨਤਮ ਮਾਧਿਅਮ ਹੈ। ਇਹ ਇੱਕ ਪ੍ਰਾਚੀਨਤਮ ਮਾਧਿਅਮ ਜ਼ਰੂਰ ਹੈ, ਪਰ ਇਸ ਦੀ ਵਿਲੱਖਣ ਵਿਸ਼ੇਸ਼ਤਾ ਇਹ ਹੈ ਕਿ ਇਹ ਪ੍ਰਾਚੀਨ ਹੁੰਦੀ ਹੋਈ ਵੀ ਆਧੁਨਿਕਤਾ ਨਾਲ, ਆਧੁਨਿਕ ਵਰਤਾਰਿਆਂ ਨਾਲ ਸੰਵਾਦ ਰਚਾਉਂਦੀ ਹੈ। ਪ੍ਰੋ. ਸੀਤਾ ਰਾਮ ਬਾਹਰੀ ਲੋਕ ਸਾਹਿਤ ਦੀ ਇਸ ਵਿਸ਼ੇਸ਼ਤਾ ਬਾਰੇ ਵਿਚਾਰ ਕਰਦੇ ਹੋਏ ਲਿਖਦੇ ਹਨ:

> "ਲੋਕ ਸਾਹਿਤ ਕੋਈ ਦੂਰ ਭੂਤ ਕਾਲ ਦੀ ਚੀਜ਼ ਨਹੀਂ ਸਗੋਂ ਇਹ ਤਾਂ ਸਾਰੇ ਨਿੱਤ ਜੀਵਨ ਦਾ ਅੰਗ ਹੈ।"[1]

ਡਾ. ਬਲਬੀਰ ਸਿੰਘ ਪੂਨੀ ਵੀ ਇਸੇ ਤੱਥ ਨਾਲ ਸਹਿਮਤੀ ਪ੍ਰਗਟ ਕਰਦੇ ਹੋਏ ਲਿਖਦੇ ਹਨ:

> "ਲੋਕ ਸਾਹਿਤ ਸਮੂਹਿਕ ਕਲਾਤਮਕ ਭਾਸ਼ਾਈ ਪ੍ਰਗਟਾ ਦਾ ਅਜਿਹਾ ਮਾਧਿਅਮ ਹੈ, ਜਿਸ ਰਾਹੀਂ ਲੋਕ ਆਪਣੇ ਭੂਗੋਲਿਕ ਤੇ ਪ੍ਰਕ੍ਰਿਤਿਕ ਆਲੇ ਦੁਆਲੇ ਦੇ ਅਨੁਸਾਰ ਇਤਿਹਾਸਿਕ ਸਾਰ ਵਿੱਚੋਂ ਪ੍ਰਾਪਤ ਅਨੁਭਵ ਤੇ ਅਮਨ ਨੂੰ ਲੋੜਾਂ, ਅਕਾਂਖਿਆਵਾਂ ਅਤੇ ਹੁੰਗਾਰਿਆਂ ਦੇ ਰੂਪ ਵਿਚ ਮੌਖਿਕ ਸਿਰਜਣਾਤਮਕ ਢੰਗ ਰਾਹੀਂ ਪ੍ਰਸਾਰਿਤ ਕਰਦੇ ਹਨ।"[2]

ਇਸ ਪ੍ਰਕਾਰ ਲੋਕ ਸਾਹਿਤ ਲੋਕ ਸਮੂਹ ਦੀਆਂ ਅਚੇਤ/ਸੁਚੇਤ ਪ੍ਰਵਿਰਤੀਆਂ, ਮੰਗਾਂ ਲੋੜਾਂ, ਡਰ, ਸ਼ੰਕੇ, ਸੋਚ ਦਾ ਮੌਖਿਕ ਅਤੇ ਸਿਰਜਣਾਤਮਕ ਪ੍ਰਗਟਾਵਾ ਹੈ। ਲੋਕ ਸਮੂਹ ਜਾਂ ਲੋਕ ਮਨ ਦੀਆਂ ਇਹ ਪ੍ਰਵਿਰਤੀਆਂ ਲੋਕ ਸਾਹਿਤ ਦੇ ਬਹੁ-ਦਿਸ਼ਾਵੀ ਮਾਧਿਅਮਾਂ ਰਾਹੀਂ ਵਿਅਕਤ ਹੋਈਆਂ ਹਨ। 'ਲੋਕ ਬੋਲੀਆਂ' ਇਨ੍ਹਾਂ ਵਿੱਚੋਂ ਇੱਕ ਹਨ। ਲੋਕ ਬੋਲੀਆਂ ਲੋਕ ਮਨ ਦੇ ਉਤਰਾਅ ਚੜਾਅ ਦਾ ਕਾਵਿਮਈ ਵਿਵਰਣ ਪੇਸ਼ ਕਰਦੀਆਂ ਹਨ। ਲੋਕ ਜੀਵਨ ਦੇ ਅੰਗ-ਸੰਗ ਹੁੰਦੀਆਂ ਹੋਣ ਕਰਕੇ ਇਨ੍ਹਾਂ ਵਿਚ ਮਾਨਵੀ ਸਮਾਜ ਦੇ ਕਈ ਪਾਤਰ/ਕਿਰਦਾਰ ਆਮ ਹੀ ਪੜ੍ਹਨ/ਸੁਣਨ ਨੂੰ ਮਿਲ ਜਾਂਦੇ ਹਨ। ਇਨ੍ਹਾਂ ਵਿੱਚੋਂ 'ਛੜਾ' ਪੰਜਾਬੀ ਸੱਭਿਆਚਾਰ ਅਤੇ ਸਮਾਜ ਵਿਚ ਭਾਵੇਂ ਆਧੁਨਿਕ ਸਮੇਂ ਵਿਚ ਘੱਟ ਦੇਖਣ ਨੂੰ ਮਿਲਦੇ ਹਨ, ਪਰ ਪੁਰਾਣੇ ਸਮੇਂ ਵਿਚ ਪਿੰਡਾਂ ਵਿਚ ਇਹ ਪਾਤਰ ਆਮ ਹੀ ਦੇਖਣ ਨੂੰ ਮਿਲਦੇ ਸਨ। ਅਜੋਕੇ ਸਮੇਂ ਵਿਚ ਵੀ ਇਸ ਪਾਤਰ ਦਾ ਅਭਾਵ ਨਹੀਂ। ਪਿਛਲੇ ਦੌਰ ਵਿਚ ਇਸ ਪਾਤਰ ਦੇ ਪੰਜਾਬੀ ਸਮਾਜ ਵਿਚ ਜ਼ਿਆਦਾ ਮਿਲਦੇ ਹੋਣ ਦਾ ਕਾਰਣ ਪੰਜਾਬੀ ਅਰਥਚਾਰੇ ਅਤੇ ਖੇਤੀਬਾੜੀ ਨਾਲ ਜੁੜਿਆ ਹੋਇਆ ਹੈ। ਜ਼ਮੀਨ ਵੰਡੇ ਜਾਣ ਦੇ ਡਰੋਂ ਪਹਿਲਾਂ ਘਰ ਦਾ ਇੱਕ ਮੁੰਡਾ ਵਿਆਹ ਲਿਆ ਜਾਂਦਾ ਸੀ ਤੇ ਬਾਕੀ ਭਰਾਵਾਂ ਦੇ ਸਰੀਰਕ ਸੰਬੰਧ ਵੀ ਉਸ ਇਕੱਲੀ ਔਰਤ ਨਾਲ ਹੀ ਕਾਇਮ ਹੋ ਜਾਂਦੇ ਸਨ। ਡਾ. ਟੀ.ਆਰ. ਵਿਨੋਦ ਇਸ ਬਾਰੇ ਵਿਚਾਰ ਕਰਦੇ ਹੋਏ ਲਿਖਦੇ ਹਨ:

> "ਜ਼ਮੀਨ ਦੀਆਂ ਹੋਰ ਵੰਡੀਆਂ ਪੈਣ ਦੇ ਡਰੋਂ ਸਾਰਿਆਂ ਦਾ ਵਿਆਹ ਜ਼ਰੂਰੀ ਵੀ ਨਹੀਂ ਸਮਝਿਆ ਜਾਂਦਾ। ਸੋ ਭਰਾਵਾਂ ਵਿੱਚੋਂ ਕਿਸੇ ਇਕ ਦਾ ਵਿਆਹ ਹੀ ਸਾਰੇ ਭਰਾਵਾਂ ਦੀ ਭਾਵੁਕ ਪੂਰਤੀ ਦਾ ਸਾਧਨ ਸਮਝ ਲਿਆ ਜਾਂਦਾ ਹੈ। ਮਜਬੂਰੀ ਵਿੱਚੋਂ ਉਪਜਿਆ ਹੋਣ ਕਰਕੇ ਇਸ ਪ੍ਰਬੰਧ ਵਿਚ ਭਾਵੁਕ, ਪਰਿਵਾਰਕ ਅਤੇ ਸਮਾਜਿਕ ਸੰਕਟ ਦੇ ਬੀਜ ਵੀ ਨਿਹਿਤ ਹੁੰਦੇ ਹਨ।"[3]

ਇਉਂ ਘਰ ਪਰਿਵਾਰ ਦੀਆਂ ਇਹ ਮਜਬੂਰੀਆਂ ਇੱਕ ਪਾਸੇ ਪੂਰੇ ਸੂਰੇ ਬਾਹੂਬਲੀ ਮਰਦ ਤੇ 'ਛੜੇ' ਦਾ ਠੱਪਾ ਲਾ ਦਿੰਦੀਆਂ ਤੇ ਔਰਤ ਨੂੰ ਇੱਕ ਭੋਗ ਵਸਤੂ ਵਿਚ ਤਬਦੀਲੀ ਕਰ ਦਿੰਦੀਆਂ। ਲੋਕ ਬੋਲੀਆਂ ਵਿਚ ਇਸ ਪਾਤਰ ਦੀ ਇਹ ਮਜਬੂਰੀ ਅਤੇ ਉਨ੍ਹਾਂ ਦੇ ਅੰਦਰ ਚੱਲਦੇ ਆਂਤਰਿਕ ਦਵੰਦ ਨੂੰ ਬਾਖ਼ੂਬੀ ਨਾਲ ਪੇਸ਼ ਕੀਤਾ ਗਿਆ ਹੈ:

(ੳ) "ਬੇਰੀਏ ਨੀ ਤੈਨੂੰ ਬੇਰ ਲੱਗਣਗੇ ਸਿੱਖਰੀਂ ਲੱਗਣ
ਗੜੌਂਦੇ
ਤੈਨੂੰ ਛੜੇ ਵਿਖਾਵਾਂ ਵੇ ਰਾਂਝਣਾ ਇੱਲਾਂ ਵਾਂਗੂੰ
ਭੌਂਦੇ
ਜਾਂ
ਤੈਨੂੰ ਛੜੇ ਵਿਖਾਵਾਂ ਵੇ
ਰਾਂਝਣਾ ਕਿੱਕਰਾਂ ਨੂੰ ਜੱਫੀਆਂ ਪਾਉਂਦੇ।"[4]

ਤੀਵੀਂ ਦੀ ਘਾਟ ਜਿੱਥੇ ਇਨ੍ਹਾਂ ਅੰਦਰ ਮਾਨਸਿਕ ਕਲੇਸ਼ ਪੈਦਾ ਕਰਦੀ ਹੈ, ਉੱਥੇ ਨਿੱਤ ਦੇ ਕਾਰ ਵਿਹਾਰ ਵਿੱਚੋਂ ਵੀ ਉਨ੍ਹਾਂ ਦੀ ਇਹ ਲਲਕ/ਦੁੱਖ ਨਜ਼ਰੀਂ ਪੈ ਜਾਂਦਾ ਹੈ। ਆਪਣੇ ਕੰਮਕਾਰ ਆਪ ਕਰਦਿਆਂ ਉਨ੍ਹਾਂ ਨੂੰ ਅਚੇਤੇ ਹੀ ਇੱਕ ਜੀਵਨ ਸਾਥੀ ਦੀ ਲੋੜ ਮਹਿਸੂਸ ਹੁੰਦੀ ਹੈ। ਲੋਕ ਬੋਲੀਆਂ ਵਿਚ ਇਸ ਨੂੰ ਇਉਂ ਪ੍ਰਸਤੁਤ ਕੀਤਾ ਗਿਆ ਹੈ:

ੳ. "ਛੜੇ ਛੜੇ ਨਾ ਆਖੋ ਲੋਕੋ, ਛੜੇ ਬਿਪਤਾ ਨੂੰ ਛੜੇ,
ਅੱਧੀ ਰਾਤੀਂ ਪੀਹਣ ਲੱਗੇ, ਪੰਜ ਸੇਰ ਛੋਲੇ ਦਲੇ,
ਦਲ ਦੁਲ ਕੇ ਛਾਣਨ ਲੱਗੇ, ਆਧ ਦੇਹ ਨੂੰ ਚੜ੍ਹੇ,
ਅੱਗ ਬਾਲਣ ਦਾ ਵਲ ਨਾ ਆਵੇ, ਦਾਹੜੀ ਪਈ ਸੜ੍ਹੇ, ਝਾੜ ਝੂੜ ਕੇ ਚਾਰੇ
ਪੱਕੀਆਂ, ਚਾਰ ਪ੍ਰਾਹਣੇ ਖੜ੍ਹੇ,

ਆਓ ਭਰਾਵੋ ਇਹ ਖਾ ਲਉ, ਇਹੀ ਅਸਾਥੋਂ ਸਰੇ,
ਬਾਝੋਂ ਤੀਵੀਆਂ ਦੇ, ਛੜੇ ਮਰੇ ਕਿ ਮਰੇ।"[5]

(ਅ) ਨਿੱਕੀ ਨਿੱਕੀ ਕਣੀ ਦਾ ਮੀਂਹ ਵਰਸੇਂਦਾ ਡਿਗ ਡਿਗ ਪੈਣ
ਨਿਆਣੇ
ਨਾਲੇ ਛੜੇ ਦਾ ਆਟਾ ਭਿੱਜ ਗਿਆ
ਨਾਲੇ ਭਿੱਜ ਗਏ ਦਾਣੇ
ਨੀ ਕੀ ਦੁੱਖ ਛੜਿਆਂ ਨੂੰ
ਉਤਲਾ ਵਾਹਿਗੁਰੂ ਜਾਣੇ।"[6]

ਇਹ ਨਹੀਂ ਕਿ ਉਹ ਆਪਣੇ ਵਿਆਹ ਲਈ ਕੋਈ ਹੀਲਾ ਵਸੀਲਾ ਨਹੀਂ ਕਰਦੇ, ਬਲਕਿ ਉਹ ਤਾਂ ਆਪਸ ਵਿਚ ਬੈਠੇ ਵਿਆਹ ਕਰਵਾਉਣ ਦੀਆਂ ਸੌ ਸਲਾਹਾਂ ਕਰਦੇ ਹਨ। ਪਰ ਉਨ੍ਹਾਂ ਦੀਆ ਆਸਾਂ ਨੂੰ ਬੂਰ ਪੈਂਦਾ ਨਜ਼ਰੀਂ ਨਹੀਂ ਆਉਂਦਾ।

(1) 'ਛੜਾ ਛੜੇ ਨਾਲ ਕਰੇ ਦਲੀਲਾਂ ਆਪਾਂ
ਵਿਆਹ ਕਰਵਾਈਏ
ਬਈ ਜਿਹੜੀ ਆਪਾਂ ਵਹੁਟੀ ਲਿਆਈਏ
ਛੱਜ ਟੂੰਮਾਂ ਦਾ ਪਾਈਏ ਗੱਡੀ ਵਿਚ
ਰੋਂਦੀ ਨੂੰ ਘੁੱਟ ਕੇ ਕਾਲਜੇ ਲਾਈਏ"

ਜਾਂ

ਨਾਲ ਭਰਾਵਾਂ ਦੇ ਗੋਤਕੁਨਾਲਾ ਖਾਈਏ।"[7]

(2) "ਸੱਥ ਵਿਚ ਬਹਿ ਛੜਾ ਕਰੇ ਦਲੀਲਾਂ
ਆਪਾਂ ਵਿਆਹ ਕਰਵਾਈਏ
ਜਿਹੜੀ ਆਪਾਂ ਵਹੁਟੀ ਲਿਆਈਏ
ਛੱਡ ਟੂੰਮਾਂ ਦਾ ਪਾਈਏ
ਪੰਜ ਤਾਂ ਆਪਾਂ ਸੂਟ ਬਣਾਈਏ ਨਾਲੇ
ਬਣਾਈਏ ਸੱਗੀ
ਦਲੀਲਾਂ ਕਰਦੇ ਦੀ
ਦਾਹੜੀ ਹੋਗੀ ਬੱਗੀ।"[8]

(3) "ਸੱਥ ਵਿਚ ਬਹਿ ਛੜਾ ਕਰੇ ਦਲੀਲਾਂ
ਟੱਬਰ ਬਾਝ ਨਹੀਂ ਸਰਦਾ
ਆਪੇ ਪੀਹਣੇ, ਆਪ ਪਕਾਉਣਾ
ਆਪੇ ਪਾਣੀ ਭਰਦਾ ਵਿਆਹ
ਕਰਵਾਉਣ ਦੀਆਂ ਛੜਾ ਦਲੀਲਾਂ
ਕਰਦਾ।"[9]

(4) "ਛੜੇ ਬੈਠ ਕੇ ਦਲੀਲਾਂ ਕਰਦੇ
ਕੌਣ ਕੌਣ ਹੋਈਆਂ ਰੰਡੀਆਂ।"[10]

ਇਹ ਮਨਮੌਜੀ ਪਾਤਰ 'ਛੜੇ' ਜੇ ਕਿਧਰੇ ਕੋਈ ਤੀਵੀਂ ਵਿਆਹ ਕੇ ਵੀ ਲੈ ਆਉਣ ਤਾਂ ਵੀ ਇਨ੍ਹਾਂ ਦਾ ਦੁੱਖ ਕਲੇਸ਼ ਦੂਰ ਨਹੀਂ ਹੋ ਸਕਦਾ। ਕਿਉਂਕਿ ਇਹ ਛੜੇ ਆਮ ਤੌਰ 'ਤੇ ਆਪਣੇ ਸਾਥੀਆਂ ਨਾਲ ਮਿਲ ਕੇ ਰਹਿੰਦੇ ਸਨ। ਫਿਰ ਇੱਕ ਤੀਵੀਂ ਨਾਲ ਇਨ੍ਹਾਂ ਦਾ ਗੁਜ਼ਾਰਾ ਨਹੀਂ ਹੋ ਸਕਦਾ। ਜਿਵੇਂ ਲੋਕ ਬੋਲੀਆਂ ਵਿਚ ਇਸ ਦਾ ਹਵਾਲਾ ਇਸ ਪ੍ਰਕਾਰ ਆਉਂਦਾ ਹੈ:

"ਦੋ ਛੜਿਆਂ ਨੇ ਬਹੂ ਲਿਆਂਦੀ
ਕਿਹੜਾ ਕਿੱਥੇ ਪਊ
ਨੀ ਉੱਥੇ ਚੀਕ ਚਿਹਾੜਾ ਪਊ।"[11]

ਇਸ ਲਈ ਕਈ ਵਾਰ ਹਾਲਾਤ ਦੀ ਮਾਰ ਤੋਂ ਪ੍ਰਭਾਵਿਤ ਇਹ ਪਾਤਰ ਹੰਭ ਹਾਰ ਕੇ ਬੈਠ ਜਾਂਦਾ ਹੈ ਅਤੇ ਆਪਣੀ ਕਿਸਮਤ ਦੀ ਡੋਰ ਉੱਪਰ ਵਾਲੇ ਹੱਥ ਛੱਡ ਕੇ ਚੰਗੇ ਕਰਮਾਂ ਦੀ ਉਡੀਕ ਕਰਦਾ ਹੈ। ਜਿਵੇਂ:

"ਸਾਉਣ ਮਹੀਨੇ ਛੜਾ ਮਸਤ ਗਿਆ
ਰੱਖਦਾ ਡਾਂਗ ਨਰੋਈ
ਕੱਲਰ ਦੇ ਵਿਚ ਲਾ ਲਿਆ ਡੇਰਾ ਉੱਤੇ ਲੈ
ਲਈ ਲੋਈ
ਆਪੇ ਆ ਜੂ ਗੀ
ਜੇ ਕਰਮਾਂ ਵਿਚ ਹੋਈ।"[12]

ਸਮਾਜਿਕ ਤੌਰ 'ਤੇ ਇਹ ਪਾਤਰ ਸਮਾਜ ਵਿਚ ਬਹੁਤੀ ਸਤਿਕਾਰਤ ਜਗ੍ਹਾ ਨਹੀਂ ਰੱਖਦੇ। ਤੀਵੀਂ ਦੀ ਘਰ ਵਿਚ ਅਣਹੋਂਦ ਇਨ੍ਹਾਂ ਨੂੰ ਸਮਾਜਿਕ ਪੱਧਰ 'ਤੇ ਹੋਰਨਾ ਨਾਲੋਂ ਤੋੜ ਦਿੰਦੀ ਹੈ। ਪੰਜਾਬੀ ਸਮਾਜ ਵਿਚ ਘਰ ਪਰਿਵਾਰ ਔਰਤ ਨਾਲ ਹੀ ਚੱਲਦੇ ਹਨ। ਮਰਦ ਤਾਂ ਸਾਰਾ ਦਿਨ ਘਰੋਂ ਬਾਹਰ ਕੰਮਾਂ-ਕਾਰਾਂ ਵਿਚ ਵਿਅਸਤ ਰਹਿੰਦਾ ਹੈ। ਪਰ ਔਰਤਾਂ ਦਾ ਸਾਰਾ ਦਿਨ ਕੰਮਾਂ-ਕਾਰਾਂ ਦੇ ਬਹਾਨੇ, ਦਿਲ ਹੌਲਾ ਕਰਨ ਦੇ ਬਹਾਨੇ ਇੱਕ ਘਰੋਂ ਨਿਕਲਦੀਆਂ ਤੇ ਦੂਜੇ ਘਰ ਵੜਦੀਆਂ ਰਹਿੰਦੀਆਂ। ਪਰ ਛੜਿਆਂ ਦੇ ਘਰ ਕੋਈ ਨਹੀਂ ਜਾਂਦਾ। ਇੱਥੋਂ ਤੱਕ ਕਿ ਵੱਡੀ ਤੋਂ ਵੱਡੀ ਮੁਸ਼ਕਲ

ਦੇ ਸਮੇਂ ਵੀ ਔਰਤਾਂ ਇਨ੍ਹਾਂ ਦੇ ਘਰ ਜਾਣ ਤੋਂ ਕੰਨੀ ਕਤਰਾਉਂਦੀਆਂ ਹਨ। ਲੋਕ ਬੋਲੀਆਂ ਵਿਚ ਇਸ ਨੂੰ ਇਉਂ ਪ੍ਰਗਟ ਕੀਤਾ ਗਿਆ ਹੈ:

"ਕੋਈ ਡਰਦੀ ਪਿੱਟਣ ਨਾ ਆਵੇ
ਛੜਿਆਂ ਦੀ ਮਾਂ ਮਰ ਗਈ।"[13]

ਸਮਾਜਿਕ ਪੱਧਰ 'ਤੇ ਕਿਉਂਕਿ ਇਨ੍ਹਾਂ ਦਾ ਵਸਦੇ ਰਸਦੇ ਘਰਾਂ ਨਾਲ ਬਹੁਤ ਸੰਪਰਕ ਨਹੀਂ ਹੁੰਦਾ, ਇਸ ਲਈ ਇਹ ਪਿੰਡ ਵਿਚ ਰਹਿਣ ਦੀ ਥਾਂ ਪਿੰਡੋਂ ਬਾਹਰ ਹੀ ਰਹਿੰਦੇ ਹਨ। ਇਨ੍ਹਾਂ ਦੇ ਘਰਾਂ ਦੀਆ ਲੋਕਾਂ ਨੂੰ ਦੂਰੋਂ ਹੀ ਨਿਸ਼ਾਨੀਆਂ ਹੋ ਜਾਂਦੀਆਂ ਹਨ। ਇਸ ਦੀ ਪੁਸ਼ਟੀ ਇਨ੍ਹਾਂ ਲੋਕ ਬੋਲੀਆਂ ਵਿੱਚੋਂ ਹੋ ਜਾਂਦੀ ਹੈ:

(ੳ) "ਰੜਕੇ ਰੜਕੇ ਰੜਕੇ
ਨੀ ਉਹ ਘਰ ਛੜਿਆਂ ਦਾ
ਜਿੱਥੇ ਸ਼ੀਸ਼ਾ ਮੋਚਨਾ ਖੜਕੇ।"[14]

(ਅ) "ਛੜੇ ਨੂੰ ਕਿਤੋਂ ਲੱਭਣ ਕੀ ਜਾਣਾ
ਬੈਠਾ ਹੋਊ ਕਿਸੇ ਖੂੰਜੇ
ਨੀ ਸਿਰ ਦੁਖਦੇ ਤੋਂ ਕੁਛ ਨਾ ਬੋਲੇ
ਤਾਪ ਚੜ੍ਹੇ ਤੋਂ ਹੂੰਗੇ ਦਾਹੜੀ ਕੁੱਚ
ਵਰਗੀ
ਬੈਠਾ ਛੋਲੀਆ ਡੂੰਗੇ।"[15]

ਇਹ ਛੜੇ ਦੀਆਂ ਉਹ ਸਰੀਰਕ ਨਿਸ਼ਾਨੀਆਂ ਹਨ, ਜਿਨ੍ਹਾਂ ਤੋਂ ਪਿੰਡ ਵਿਚ ਆਇਆ ਕੋਈ ਅਜਨਬੀ ਵੀ ਇਹ ਅੰਦਾਜ਼ਾ ਲਗਾ ਲੈਂਦਾ ਹੈ ਕਿ ਇਹ ਘਰ ਛੜਿਆਂ ਦਾ ਹੈ। ਪਿੰਡ ਦੀਆਂ ਔਰਤਾਂ ਜਾਂ ਰਿਸ਼ਤੇ ਵਿੱਚੋਂ ਲੱਗਦੀਆਂ ਭਰਜਾਈਆਂ ਅਕਸਰ ਹੀ ਇਨ੍ਹਾਂ ਨੂੰ ਹਾਸੇ ਮਖੌਲ ਕਰਦੀਆਂ ਰਹਿੰਦੀਆਂ ਹਨ। ਸਮਾਜਿਕ ਤੌਰ 'ਤੇ ਤਿਰਸਕਾਰੇ ਇਹ
'ਛੜੇ' ਅਕਸਰ ਹੀ ਲੋਕਾਂ ਵਿਚ ਮਜ਼ਾਕ ਦਾ ਪਾਤਰ ਬਣਦੇ ਰਹਿੰਦੇ ਹਨ। ਜਿਵੇਂ:

(ੳ) "ਨੌਕਰ ਦੀ ਜੇ ਲੋੜ ਕਿਸੇ ਨੂੰ
ਸੁਣ ਲਓ ਨਿਆਣੇ ਸਿਆਣੇ
ਨੀ ਇੱਕ ਪੰਜੀ ਦੋ ਦੋ ਵਿਕਦੇ
ਮੰਡੀ ਛੜਿਆਂ ਦੀ ਲੱਗੀ ਲੁਦਿਆਣੇ।"[16]

(ਅ) "ਖੱਟਣ ਗਿਆ ਸੀ
ਕੀ ਘੱਟ ਲਿਆਂਦਾ?
ਖੱਟ ਕੇ ਲਿਆਂਦਾ ਡੱਬਾ ਕਿਸੇ ਦੀ
ਆਈ ਤੇ
ਚੱਕ ਛੜਿਆਂ ਨੂੰ ਰੱਬਾ।"[17]

(ੲ) "ਪੱਚੀਆਂ ਗਜਾਂ ਦਾ ਮੈਂ ਘੱਗਰਾ ਸਮਾਇਆ
ਘੱਗਰਾ ਸਮਾਇਆ ਕਾਲੇ
ਸੂਫ਼ ਦਾ ਨੀ
ਜਾਵੇ ਸ਼ੂਕਦਾ, ਜਾਵੇ ਸ਼ੂਕਦਾ
ਛੜੇ ਦੀ ਹਿੱਕ ਫੂਕਦਾ ਨੀ।"[18]

(ਸ) "ਜੇ ਛੜਿਓ ਥੋਡਾ ਵਿਆਹ ਨੀ ਹੁੰਦਾ
ਤੜਕੇ ਉੱਠ ਕੇ ਨ੍ਹਾਇਆ ਕਰੋ
ਰੰਨਾਂ ਵਾਲਿਆਂ ਦੇ
ਦਰਸ਼ਣ ਕਰਿਆ ਕਰੋ।"[19]

ਪਰ ਅੱਗੋਂ ਇਹ ਛੜੇ ਵੀ ਕਿਹੜਾ ਘੱਟ ਹੁੰਦੇ ਹਨ। ਇਨ੍ਹਾਂ ਦੀਆ ਸਰੀਰਕ ਨਿਸ਼ਾਨੀਆਂ ਦੇ ਨਾਲ 'ਹਾਜ਼ਰ ਜਵਾਬੀ' ਵੀ ਇਨ੍ਹਾਂ ਦਾ ਇੱਕ ਵਿਸ਼ੇਸ਼ ਗੁਣ ਹੁੰਦੀ ਹੈ। ਐਨਾ ਹਾਸਾ ਠੱਠਾ, ਮਸ਼ਕਰੀ ਸਹਿ ਕੇ ਇਹ ਕਿਹੜਾ ਬੋਲਣ ਵਾਲੀ ਨੂੰ ਸੁੱਕਾ ਹੀ ਲੰਘਣ ਦੇ ਦਿੰਦੇ ਹਨ। ਇਨ੍ਹਾਂ ਦਾ ਜਵਾਬ ਵੀ ਨਾਲ ਹੀ ਤਿਆਰ ਹੁੰਦਾ ਹੈ:

(ੳ) "ਛੜਾ ਛੜਾ ਕੀ ਕਰੇ ਭਾਬੀਏ
ਤੂੰ ਹੀ ਸਾਕ ਕਰਾ ਦੇ
ਸੱਤਰ ਕਿੱਲੇ ਭੋਇੰ ਜੱਟ ਦੀ ਭਾਵੇਂ ਬੈਅ
ਕਰਵਾ ਦੇ
ਜੇ ਐਡੀ ਹਮਦਰਦੀ
ਸਾਕ ਭੈਣ ਦਾ ਲਿਆ ਦੇ।"[20]

(ਅ) "ਛੜਾ ਛੜਾ ਨਾ ਕਰਿਆ ਕਰ ਨੀ
ਛੜੇ ਕਰਮ ਦੇ ਮਾਰੇ
ਪਹਿਲਾਂ ਵਿਚਾਰੇ ਰੱਬ ਦੇ ਮਾਰੇ
ਲੋਕਾਂ ਨੇ ਫਿਟਕਾਰੇ ਏਹਨਾਂ
ਛੜਿਆਂ ਨੂੰ

ਕਈ ਵਾਰ ਤਾਂ ਇਹ ਸਵਾਲ ਜਵਾਬ ਬੋਲੀਆਂ ਰਾਹੀਂ ਇੰਨਾ ਤੀਖਣ ਹੋ ਜਾਂਦਾ ਹੈ ਕਿ ਛੜਾ ਆਪਣੀ ਭਰਜਾਈ ਨੂੰ ਹੀ ਆਪਣੇ ਨਾਲ ਯਾਰੀ ਲਾ ਲੈਣ ਦੀ ਸਲਾਹ ਦੇ ਦਿੰਦਾ ਹੈ।

(ਉ) "ਛੜਾ ਛੜਾ ਨਾ ਕਰਿਆ ਕਰ ਨੀ
ਛੜੇ ਬੜੇ ਗੁਣਕਾਰੀ
ਗੌਨੈਣ ਦਾ ਸੂਟ ਸਮਾ ਦੂੰ
ਲਾ ਦੇ ਰੁਪਈਏ ਚਾਲੀ
ਨਾਲੇ ਤੈਨੂੰ ਟੂਮਾਂ ਲੈ ਦੂੰ
ਨਾਲੇ ਲਾਲ ਫੁਲਕਾਰੀ
ਖਾ ਲੀਂ ਦੁੱਧ ਪੇੜੇ
ਲਾ ਲੈ ਛੜੇ ਨਾਲ ਯਾਰੀ।"[22]

ਭਾਵੇਂ ਕੁਝ ਵੀ ਹੋਵੇ ਪੰਜਾਬੀ ਸੱਭਿਆਚਾਰ ਦਾ ਇਹ ਪਾਤਰ ਚਾਹੇ ਸਮਾਜ ਵਿਚ ਅਣਗੌਲਿਆ ਹੀ ਹੋਵੇ ਪਰ ਲੋਕ ਬੋਲੀਆਂ ਦਾ ਇਹ ਇਕ ਅਹਿਮ ਅਤੇ ਮਹੱਤਵਪੂਰਨ ਪਾਤਰ ਹੈ। ਲੋਕ ਬੋਲੀਆਂ ਇਸ ਪਾਤਰ ਦੀ ਅਣਹੋਂਦ ਵਿਚ ਅਧੂਰੀਆਂ ਜਿਹੀਆਂ ਜਾਪਦੀਆਂ ਹਨ। ਇਨ੍ਹਾਂ ਦੀ ਆਪਸੀ ਜ਼ਿੰਦਗੀ ਚਾਹੇ ਜਿੰਨੀ ਮਰਜ਼ੀ ਨੀਰਸ ਅਤੇ ਬੇਰੰਗ ਹੋਵੇ ਪਰ ਇਨ੍ਹਾਂ ਦੀ ਕਿਸੇ ਵਿਆਹ ਸ਼ਾਦੀ ਤੇ ਖੁਸ਼ੀ ਦੇ ਮੌਕੇ ਤੇ ਸ਼ਮੂਲੀਅਤ ਮਾਹੌਲ ਨੂੰ ਹੋਰ ਰੰਗੀਨ ਅਤੇ ਖੁਸ਼ਗਵਾਰ ਬਣਾ ਦਿੰਦੀ ਹੈ। ਸਮਾਜ ਭਾਵੇਂ ਇਨ੍ਹਾਂ ਨੂੰ ਤਿਰਸਕਾਰੀ ਭਾਵਨਾ ਨਾਲ ਦੇਖਦਾ ਹੋਵੇ ਪਰ ਲੋਕ ਬੋਲੀਆਂ ਇਨ੍ਹਾਂ ਦੀਆ ਔਕੜਾਂ, ਇੱਛਾਵਾਂ, ਅਧੂਰੇ ਚਾਵਾਂ ਨੂੰ ਬੜੀ ਬੇਬਾਕੀ ਨਾਲ ਪ੍ਰਗਟ ਕਰਦੀਆਂ ਹਨ। ਸਮੇਂ ਦੇ ਮਾਰੇ ਹੋਏ, ਹਾਲਾਤਾਂ ਦੀ ਮਾਰ ਝੱਲਦੇ ਇਹ ਮਨਮੌਜੀ ਛੜੇ ਫਿਰ ਵੀ ਆਪਣੇ ਹੀ ਰੰਗਾਂ ਵਿਚ ਰੰਗੇ ਰਹਿੰਦੇ ਹਨ। ਆਪਣੀ ਹੀ ਧੁਨ 'ਚ ਮਸਤ ਰਹਿੰਦੇ ਹਨ। ਇਸੇ ਲਈ ਤਾਂ ਕਹਿੰਦੇ ਹਨ:

"ਛੜਿਆਂ ਦੇ ਹੋਟਲ ਤੇ ਤਾਜ਼ੇ ਪਰੌਂਠੇ
ਪੱਕਦੇ।"

**ਹਵਾਲੇ ਅਤੇ ਟਿੱਪਣੀਆਂ**


1. ਸੀਤਾ ਰਾਮ ਬਾਹਰੀ, "ਸਾਹਿਤ ਮੰਥਨ", ਹਿੰਦ ਪਬਲਿਸ਼ਰਜ਼ ਲਿਮਿਟਡ, ਜਲੰਧਰ, 1966, ਪੰਨਾ 112
2. ਬਲਬੀਰ ਸਿੰਘ ਪੂਨੀ, "ਪੰਜਾਬੀ ਲੋਕਧਾਰਾ", ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 1999, ਪੰਨਾ 5
3. ਟੀ.ਆਰ. ਵਿਨੋਦ, "ਸੰਸਕ੍ਰਿਤੀ: ਸਿਧਾਂਤ ਤੇ ਵਿਹਾਰ", ਪੰਨਾ 37-38
4. ਚਰਨਜੀਤ ਕੌਰ, "ਬੋਲੀਆਂ ਦੀ ਰੇਲ ਭਰਾਂ", ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ, 2014, ਪੰਨਾ 273
5. ਗੁਰਪ੍ਰੀਤ ਸਿੰਘ, "ਪੰਜਾਬੀ ਲੋਕ ਗੀਤਾਂ ਵਿਚ ਜੀਵਨ ਵਿਵਹਾਰ", ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ, 2016, ਪੰਨਾ 50
6. ਚਰਨਜੀਤ ਕੌਰ, ਉਹੀ ਰਚਨਾ, ਪੰਨਾ 278
7. ਚਰਨਜੀਤ ਕੌਰ, ਉਹੀ ਰਚਨਾ, ਪੰਨਾ 279
8. ਚਰਨਜੀਤ ਕੌਰ, ਉਹੀ ਰਚਨਾ, ਪੰਨਾ 278
9. ਚਰਨਜੀਤ ਕੌਰ, ਉਹੀ ਰਚਨਾ, ਪੰਨਾ 278
10. ਚਰਨਜੀਤ ਕੌਰ, ਉਹੀ ਰਚਨਾ, ਪੰਨਾ 281
11. ਚਰਨਜੀਤ ਕੌਰ, ਉਹੀ ਰਚਨਾ, ਪੰਨਾ 275
12. ਚਰਨਜੀਤ ਕੌਰ, ਉਹੀ ਰਚਨਾ, ਪੰਨਾ 274
13. ਗੁਰਪ੍ਰੀਤ ਸਿੰਘ, ਉਹੀ ਰਚਨਾ, ਪੰਨਾ 51
14. ਮੇਰੀ ਮਾਂ ਸ੍ਰੀਮਤੀ ਜਗਦੀਸ਼ ਕੌਰ ਦੀ ਸਿਮਰਤੀ ਵਿੱਚੋਂ
15. ਚਰਨਜੀਤ ਕੌਰ, ਉਹੀ ਰਚਨਾ, ਪੰਨਾ 280
16. ਚਰਨਜੀਤ ਕੌਰ, ਉਹੀ ਰਚਨਾ, ਪੰਨਾ 279
17. ਚਰਨਜੀਤ ਕੌਰ, ਉਹੀ ਰਚਨਾ, ਪੰਨਾ 281
18. ਚਰਨਜੀਤ ਕੌਰ, ਉਹੀ ਰਚਨਾ, ਪੰਨਾ 280
19. ਚਰਨਜੀਤ ਕੌਰ, ਉਹੀ ਰਚਨਾ, ਪੰਨਾ 275
20. ਚਰਨਜੀਤ ਕੌਰ, ਉਹੀ ਰਚਨਾ, ਪੰਨਾ 276
21. ਚਰਨਜੀਤ ਕੌਰ, ਉਹੀ ਰਚਨਾ, ਪੰਨਾ 280
22. ਚਰਨਜੀਤ ਕੌਰ, ਉਹੀ ਰਚਨਾ, ਪੰਨਾ 276



**ਜਸਪ੍ਰੀਤ ਕੌਰ**
ਅਸਿਸਟੈਂਟ ਪ੍ਰੋਫ਼ੈਸਰ, ਪੰਜਾਬੀ ਵਿਭਾਗ
ਖ਼ਾਲਸਾ ਕਾਲਜ ਫ਼ਾਰ ਵਿਮੈਨ, ਲੁਧਿਆਣਾ।